# ਹੈਂਪਸ਼ਾਇਰ ਅਤੇ ਆਇਲ ਆਫ ਵਾਈਟ ਦਾ ਲਾਰ ਟੈਸਟ ਕਰਨ ਦਾ ਪ੍ਰੋਗਰਾਮ

#bepartofthesolution



## ਪ੍ਰੋਗਰਾਮ ਵਿੱਚ ਤੁਹਾਡਾ ਸੁਆਗਤ ਹੈ

ਨੌਜਵਾਨਾਂ ਲਈ ਸਕੂਲ ਵਿੱਚ ਜਾਣਾ ਉਹਨਾਂ ਦੀ ਤੰਦਰੁਸਤੀ ਅਤੇ ਸਿੱਖਿਆ ਲਈ ਬਹੁਤ ਮਹੱਤਵਪੂਰਨ ਹੈ। ਜਦ ਕਿ ਬਾਲਗਾਂ ਨੂੰ ਟੀਕਾ ਲਗਾਉਣ ਦੀ ਸ਼ੁਰੂਆਤ ਜਾਰੀ ਹੈ, ਸਕੂਲਾਂ ਵਿੱਚ ਨੌਜਵਾਨਾਂ ਨੂੰ ਵਾਇਰਸ ਦੇ ਫੈਲਣ ਤੋਂ ਬਚਾਉਣ ਲਈ ਅਸੀਂ ਹਰ ਸੰਭਵ ਕੋਸ਼ਿਸ਼ ਕਰਨਾ ਵੀ ਓਨਾ ਹੀ ਜ਼ਰੂਰੀ ਹੈ ਜਿੰਨਾ ਕਿ ਸਾਡੀ ਆਮ ਜ਼ਿੰਦਗੀ ਵਿੱਚ ਵਾਪਸ ਜਾਣਾ। ਇਸ ਲਈ ਸਾਨੂੰ ਤੁਹਾਡੇ ਸਕੂਲ ਜਾਂ ਕਾਲਜ ਦਾ ਸਾਡੇ ਪ੍ਰੋਗਰਾਮ ਵਿੱਚ ਸੁਆਗਤ ਕਰਦੇ ਹੋਏ ਸਚਮੁਚ ਖੁਸ਼ੀ ਹੋ ਰਹੀ ਹੈ ਜਿਸ ਵਿੱਚ ਸਿੱਖਿਆ ਸਥਾਨਾਂ ਵਿੱਚ ਲਾਰ ਦਾ ਨਿਯਮਿਤ ਟੈਸਟ ਸ਼ਾਮਲ ਹੈ। ਇਸਦਾ ਅਰਥ ਇਹ ਹੈ ਕਿ ਸੇਧ ਦੀ ਪਾਲਣਾ ਕਰਨ ਦੇ ਨਾਲ-ਨਾਲ, ਤੁਹਾਡੇ ਨੌਜਵਾਨ ਆਪਣੇ ਭਾਈਚਾਰੇ ਨੂੰ ਬਿਹਤਰ ਤਰੀਕੇ ਨਾਲ ਸੁਰੱਖਿਅਤ ਰੱਖਣ ਵਿੱਚ ਆਪਣੀ ਭੂਮਿਕਾ ਨਿਭਾਉਣਗੇ ਅਤੇ ਪਾਜ਼ਿਟਿਵ ਮਾਮਲਿਆਂ ਦਾ ਪਤਾ ਲੱਗਣ 'ਤੇ ਪ੍ਰਭਾਵਸ਼ਾਲੀ ਫੈਸਲੇ ਲੈਣ ਵਿੱਚ ਆਪਣੇ ਸਕੂਲ ਦੀ ਸਹਾਇਤਾ ਕਰਨਗੇ। ਇਸ ਪ੍ਰੋਗਰਾਮ ਵਿੱਚ ਵਰਤਿਆ ਜਾਂਦਾ ਲਾਰ LAMP ਟੈਸਟ (saliva LAMP test) ਲੇਟਰਲ ਫਲੋ ਟੈਸਟਿੰਗ (lateral flow testing) ਤੋਂ ਵੱਖਰਾ ਹੈ ਜਿਸ ਬਾਰੇ ਸ਼ਾਇਦ ਤੁਸੀਂ ਸੁਣਿਆ ਹੋਵੇਗਾ।

ਲੇਟਰਲ ਫਲੋ ਟੈਸਟਾਂ ਵਿੱਚ ਵਰਤੀ ਜਾਂਦੀ ਆਪਣਾ ਖੁਦ ਦਾ ਸਵੈਬ ਲੈਣ ਪ੍ਰਕਿਰਿਆ ਦੀ ਬਜਾਏ, ਲਾਰ ਦੇ ਟੈਸਟ ਵਿੱਚ ਸਰੀਰ ਦੇ ਅੰਦਰ ਕੋਈ ਪ੍ਰਕਿਰਿਆ ਨਹੀਂ ਹੁੰਦੀ ਹੈ ਅਤੇ ਇਸ ਵਿੱਚ ਵਿਦਿਆਰਥੀ ਘਰ ਵਿੱਚ ਇੱਕ ਬਰਤਨ ਵਿੱਚ ਲਾਰ ਦਾ ਨਮੂਨਾ ਦਿੰਦੇ ਹਨ ਜਿਸ ਨੂੰ ਉਹਨਾਂ ਦੇ ਸਕੂਲ ਜਾਂ ਕਾਲਜ ਵਿੱਚ ਛੱਡਿਆ ਜਾਂਦਾ ਹੈ ਅਤੇ ਟੈਸਟ ਕਰਨ ਲਈ ਇੱਕ ਲੈਬੋਰਟਰੀ ਵਿੱਚ ਭੇਜਿਆ ਜਾਂਦਾ ਹੈ। ਆਪਣਾ ਨਮੂਨਾ ਦੇਣ ਵਿੱਚ ਨੌਜਵਾਨਾਂ ਦੀ ਮਦਦ ਕਰਨ ਲਈ, ਪਾਠਾਂ ਅਤੇ ਸਰੋਤਾਂ ਦੀ ਇੱਕ ਲੜੀ ਤਿਆਰ ਕੀਤੀ ਗਈ ਹੈ ਜੋ ਸਕੂਲਾਂ ਵਿੱਚ ਪ੍ਰਦਾਨ ਕੀਤੀ ਜਾਏਗੀ ਅਤੇ ਜੋ ਸਾਨੂੰ ਉਮੀਦ ਹੈ ਕਿ ਸਮੁੱਚੇ ਤੌਰ 'ਤੇ ਜਨਤਕ ਸਿਹਤ ਦੇ ਸੁਨੇਹਿਆਂ ਅਤੇ ਟੈਸਟਿੰਗ ਪ੍ਰੋਗਰਾਮ ਦੀ ਸਮਝ ਵਿੱਚ ਵਾਧਾ ਕਰੇਗੀ। ਅਸੀਂ ਉਮੀਦ ਕਰਦੇ ਹਾਂ ਕਿ ਇਹ ਸਾਡੇ ਨੌਜਵਾਨ ਭਾਗੀਦਾਰਾਂ ਨੂੰ ਲਾਰ ਟੈਸਟਿੰਗ ਪ੍ਰੋਗਰਾਮ ਦੇ ਕੰਮ ਕਰਨ ਦੇ ਪਿੱਛੇ ਸਾਇੰਸ ਅਤੇ ਕਰੀਅਰ ਬਾਰੇ ਹੋਰ ਜਾਣਨ ਲਈ ਪ੍ਰੇਰਿਤ ਕਰਨ ਵਿੱਚ ਵੀ ਮਦਦ ਕਰੇਗੀ। ਤੁਹਾਡੇ ਸਮਰਥਨ ਲਈ ਧੰਨਵਾਦ, ਅਸੀਂ ਤੁਹਾਡੇ ਨਾਲ ਮਿਲ ਕੇ ਕੰਮ ਕਰਨ ਦੀ ਉਮੀਦ ਕਰ ਰਹੇ ਹਾਂ!

## ਇਹ ਕਿਵੇਂ ਕੰਮ ਕਰਦੀ ਹੈ

1. ਤੁਹਾਡਾ ਸਕੂਲ/ਕਾਲਜ ਟੈਸਟ ਲਈ ਸਾਈਨ-ਅੱਪ ਕਰਦਾ ਹੈ
2. ਟੈਸਟ ਬਾਰੇ ਵਿਦਿਆਰਥੀਆਂ ਦੀ ਸਮਝ ਵਿੱਚ ਸਹਾਇਤਾ ਕਰਨ ਲਈ ਉਹ ਸਮਰਪਿਤ ਲੈਸਨ ਪ੍ਰਾਪਤ ਕਰਦੇ ਹਨ
3. ਵਿਦਿਆਰਥੀਆਂ ਨੂੰ ਘਰ ਵਿੱਚ ਲਾਰ ਦਾ ਨਮੂਨਾ ਦੇਣ ਲਈ ਇੱਕ ਟੈਸਟਿੰਗ ਕਿੱਟ ਦਿੱਤੀ ਜਾਂਦੀ ਹੈ
4. ਨਮੂਨਾ ਸਕੂਲ/ਕਾਲਜ ਵਿੱਚ ਲਿਆਇਆ ਜਾਂਦਾ ਹੈ ਅਤੇ ਇੱਕ ਕਲੈਕਸ਼ਨ ਬਿਨ ਵਿੱਚ ਪਾਇਆ ਜਾਂਦਾ ਹੈ
5. ਨਮੂਨਾ ਲੈਬੋਰਟਰੀ ਵਿੱਚ ਲਿਜਾਇਆ ਜਾਂਦਾ ਹੈ ਅਤੇ ਨਤੀਜੇ 24-48 ਘੰਟਿਆਂ ਦੇ ਅੰਦਰ ਟੈਕਸਟ ਸੁਨੇਹੇ ਦੁਆਰਾ ਭੇਜੇ ਜਾਂਦੇ ਹਨ
6. ਜੇ ਪਾਜ਼ਿਟਿਵ ਹੈ, ਤਾਂ ਤੁਹਾਨੂੰ 24 ਘੰਟਿਆਂ ਦੇ ਅੰਦਰ ਇੱਕ ਫਾਲੋ-ਅੱਪ ਫੋਨ ਕਾਲ ਆਏਗੀ ਅਤੇ ਨਤੀਜਾ NHS ਟੈਸਟ ਐਂਡ ਟ੍ਰੇਸ (NHS Test and Trace) ਦੇ ਨਾਲ ਸਾਂਝਾ ਕੀਤਾ ਜਾਵੇਗਾ

## ਹੁਣ ਤੱਕ ਦੇ ਨਤੀਜੇ

ਇਹ ਪੱਕਾ ਕਰਨ ਲਈ ਕਿ ਅਸੀਂ ਜਾਣਦੇ ਹਾਂ ਕਿ ਇਸ ਕਿਸਮ ਦੀ ਜਾਂਚ ਪ੍ਰਭਾਵਸ਼ਾਲੀ ਹੈ ਅਤੇ ਸਕੂਲਾਂ ਵਿੱਚ ਕੰਮ ਕਰਦੀ ਹੈ, ਪ੍ਰੋਗਰਾਮ ਨੂੰ ਪ੍ਰਯੋਗ ਦੇ ਅਧਾਰ 'ਤੇ ਸਾਊਥੈਂਪਟਨ ਵਿੱਚ ਕਈ ਪ੍ਰਾਇਮਰੀ ਅਤੇ ਸੈਕੰਡਰੀ ਸਥਾਨਾਂ ਵਿੱਚ ਚਲਾਇਆ ਗਿਆ ਹੈ। ਇਹ ਨਤੀਜਿਆਂ ਦਾ ਇੱਕ ਸਨੈਪਸ਼ਾਟ ਹੈ ਜੋ ਸਾਨੂੰ ਉਸ ਪ੍ਰੋਗਰਾਮ ਤੋਂ ਪ੍ਰਾਪਤ ਹੋਇਆ ਹੈ। ਡਾਟਾ ਸਤੰਬਰ ਤੋਂ ਦਸੰਬਰ 2020 ਤੱਕ ਇਕੱਤਰ ਕੀਤਾ ਗਿਆ ਸੀ।

**2,284** ਸਕੂਲ ਸਟਾਫ਼ ਅਤੇ ਵਿਦਿਆਰਥੀਆਂ ਨੇ ਰਜਿਸਟਰ ਕੀਤਾ

**2,043** ਨੇ ਘੱਟੋ-ਘੱਟ 1 ਨਮੂਨਾ ਜਮ੍ਹਾਂ ਕੀਤਾ

**90%** ਭਾਗੀਦਾਰੀ ਦੀ ਦਰ

**97%** ਟੈਸਟ ਦੇ ਨਤੀਜੇ 24 ਘੰਟਿਆਂ ਦੇ ਅੰਦਰ ਪ੍ਰਾਪਤ ਹੋ ਗਏ ਸਨ

**95%** ਟੈਸਟ ਦੇ ਨਤੀਜੇ 12 ਘੰਟਿਆਂ ਦੇ ਅੰਦਰ ਪ੍ਰਾਪਤ ਹੋ ਗਏ ਸਨ

ਇਸ ਪ੍ਰੋਗਰਾਮ ਦੇ ਡੇਟਾ ਨੇ ਪੁਸ਼ਟੀ ਕੀਤੀ ਹੈ ਕਿ RT-LAMP ਟੈਸਟ:

**100** ਪ੍ਰਤਿਸ਼ਤ ਵਿਸ਼ਿਸ਼ਟ ਹੈ

10,000 ਤੋਂ ਵੱਧ ਲੋਕਾਂ ਵਿੱਚ ਜਾਂਚ ਨੇ ਇਹ ਦਿਖਾਇਆ ਹੈ ਕਿ ਟੈਸਟ ਲੋਕਾਂ ਦੀ ਉਸ ਵੇਲੇ ਪਾਜ਼ਿਟਿਵ ਵਜੋਂ ਪਛਾਣ ਨਹੀਂ ਕਰਦਾ ਹੈ ਜਦੋਂ ਉਨ੍ਹਾਂ ਵਿੱਚ ਵਾਇਰਸ ਨਹੀਂ ਹੁੰਦਾ। ਝੂਠੇ ਨੈਗੇਟਿਵ ਨਤੀਜੇ (ਉਸ ਵੇਲੇ ਨੈਗੇਟਿਵ ਨਤੀਜਾ ਆਉਣਾ ਜਦੋਂ ਵਿਅਕਤੀ ਵਿੱਚ ਲਾਗ ਵਾਲਾ ਵਾਇਰਸ ਹੁੰਦਾ ਹੈ) ਲਾਰ ਦੇ LAMP ਟੈਸਟ ਦੇ ਨਾਲ ਵਿਰਲੇ ਹੀ ਹੁੰਦਾ ਹੈ।

ਪੂਰੀ ਟੈਸਟਿੰਗ ਮਿਆਦ ਦੇ ਦੌਰਾਨ ਚਾਰੋ ਸਕੂਲਾਂ ਵਿੱਚ ਹਾਜ਼ਰੀ ਦੀ ਦਰ 94% ਤੋਂ ਉੱਪਰ ਰਹੀ

ਰਾਸ਼ਟਰੀ ਪੱਧਰ 'ਤੇ, ਹਾਜ਼ਰੀ ਦੀ ਦਰ ਘੱਟ ਕੇ 87% ਹੋ ਗਈ



## ਸਕੂਲ ਦੇ ਵਿਚਾਰ

ਵਿਚਾਰ ਪਤਾ ਕਰਨ ਲਈ ਸਭ ਤੋਂ ਮਹੱਤਵਪੂਰਨ ਲੋਕ ਉਹ ਹਨ ਜਿਨ੍ਹਾਂ ਨੇ ਪਹਿਲਾਂ ਹੀ ਹਿੱਸਾ ਲਿਆ ਹੈ - ਕੈਂਟਲ ਸਕੂਲ (Cantell School) ਦੇ ਹੈਂਟਟੀਚਰ ਹੈਰੀ ਕੁਟੀ (Harry Kutty) ਇੱਥੇ ਇਸ ਵੀਡੀਓ ਵਿੱਚ ਪ੍ਰੋਗਰਾਮ ਦੇ ਤਜਰਬੇ ਬਾਰੇ ਗੱਲ ਕਰਦੇ ਹਨ।
ਇੱਥੇਇਸ ਵੀਡੀਓ ਵਿੱਚ ਕੈਂਟਲ ਸਕੂਲ ਦੇ ਵਿਦਿਆਰਥੀਆਂ ਤੋਂ ਸੁਣੋ ਕਿ ਪ੍ਰੋਗਰਾਮ ਵਿੱਚ ਹਿੱਸਾ ਲੈਣਾ ਕਿਸ ਤਰ੍ਹਾਂ ਦਾ ਰਿਹਾ।

## ਇਸ ਤੋਂ ਬਾਅਦ ਕੀ ਹੋਵੇਗਾ

ਹੁਣ ਜਦੋਂ ਤੁਹਾਡੇ ਸਕੂਲ ਨੇ ਰਜਿਸਟਰ ਕਰ ਲਿਆ ਹੈ, ਸਾਰਾ ਕੰਮ ਕਰਨ ਦੀ ਵਾਰੀ ਸਾਡੀ ਹੈ। ਟੈਸਟ ਲਈ ਭਾਗੀਦਾਰ ਨੂੰ ਇੱਕ ਬਰਤਨ ਵਿੱਚ ਲਾਰ ਦਾ ਨਮੂਨਾ ਇਕੱਤਰ ਕਰਨ ਅਤੇ ਟੈਸਟ ਕਰਨ ਲਈ ਜਮ੍ਹਾਂ ਕਰਾਉਣ ਵਾਸਤੇ ਸਕੂਲ ਲਿਆਉਣ ਦੀ ਲੋੜ ਹੁੰਦੀ ਹੈ। ਤੁਹਾਨੂੰ ਬੱਸ ਆਪਣੇ ਬੱਚੇ ਨੂੰ ਉਸਦੇ ਲਈ ਨਿਰਧਾਰਤ ਦਿਨ 'ਤੇ ਅਜਿਹਾ ਕਰਨ ਦੀ ਯਾਦ ਦਿਲਾਉਣ ਦੀ ਲੋੜ ਹੁੰਦੀ ਹੈ। ਚਿੰਤਾ ਨਾ ਕਰੋ ਅਸੀਂ ਰਿਮਾਇੰਡਰ ਵੀ ਭੇਜਾਂਗੇ!
ਜੇ ਤੁਹਾਡੇ ਕੋਲ ਪ੍ਰੋਗਰਾਮ ਬਾਰੇ ਕੋਈ ਸਵਾਲ ਹਨ ਜਿਨ੍ਹਾਂ ਦੇ ਉਸ ਪੈਕ ਵਿੱਚ ਜਵਾਬ ਨਹੀਂ ਦਿੱਤੇ ਗਏ ਹਨ ਜੋ ਤੁਹਾਨੂੰ ਪ੍ਰਾਪਤ ਹੋਵੇਗਾ ਤਾਂ ਹੇਠ ਦਿੱਤੇ 'ਵਧੇਰੇ ਜਾਣਕਾਰੀ' ('more information') ਭਾਗ 'ਤੇ ਇੱਕ ਨਜ਼ਰ ਮਾਰੋ।

## ਹੋਰ ਜਾਣਕਾਰੀ

ਤੁਹਾਡੇ ਸਕੂਲ/ਕਾਲਜ ਤੋਂ ਤੁਹਾਨੂੰ ਮਿਲਣ ਵਾਲੀ ਜਾਣਕਾਰੀ ਦੇ ਨਾਲ ਬਹੁਤ ਸਾਰੇ ਸਥਾਨ ਹਨ ਜਿੱਥੇ ਤੁਸੀਂ ਪ੍ਰੋਜੈਕਟ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ, ਉਨ੍ਹਾਂ ਵਿੱਚੋਂ ਕੁਝ ਹੇਠਾਂ ਦਿੱਤੇ ਗਏ ਹਨ:

- ਇੱਥੇ ਸਾਡੀ ਵੈੱਬਸਾਈਟ ਦੇਖੋ
- ਇੱਥੇ ਪ੍ਰਯੋਗੀ ਪ੍ਰੋਗਰਾਮ ਬਾਰੇ ਹੋਰ ਪੜ੍ਹੋ
- ਇੱਥੇ ਇਹ ਦਿਖਾਉਣ ਵਾਲਾ ਇੱਕ ਐਨੀਮੇਸ਼ਨ ਦੇਖੋ ਕਿ ਲਾਰ ਦਾ ਟੈਸਟ ਕਿਵੇਂ ਲੈਣਾ ਹੈ
- ਇੱਥੇ ਪ੍ਰੋਗਰਾਮ ਦੀ ਕਾਰਜ ਪ੍ਰਣਾਲੀ ਬਾਰੇ ਇੱਕ ਬੀਬੀਸੀ (BBC) ਦੀ ਰਿਪੋਰਟ ਦੇਖੋ